AusNet

# ਤੁਹਾਡਾ ਗੈਸ ਮੀਟਰ ਅਤੇ ਤੁਹਾਡੇ ਬਿੱਲਾਂ ਦਾ ਖ਼ਰਚਾ

**ਗੈਸ ਮੀਟਰ ਦੀ ਰੀਡਿੰਗ ਅਤੇ ਮੀਟਰ ਤੱਕ ਪਹੁੰਚ ਤੁਹਾਡੇ ਬਿੱਲਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖ਼ਾਸ ਕਰਕੇ ਠੰਢ ਦੇ ਮਹੀਨਿਆਂ ਵਿੱਚ। ਇਸਦਾ ਪ੍ਰਬੰਧਨ ਕਰਨ ਦਾ ਤਰੀਕਾ ਇੱਥੇ ਦੱਸਿਆ ਗਿਆ ਹੈ।**

## ਤੁਹਾਡੀ ਪ੍ਰਾਪਰਟੀ 'ਤੇ ਗੈਸ ਮੀਟਰ ਰੀਡਰ

ਤੁਹਾਡਾ ਗੈਸ ਮੀਟਰ ਤੁਹਾਡੀ ਪ੍ਰਾਪਰਟੀ 'ਤੇ ਵਰਤੀ ਗਈ ਗੈਸ ਦੀ ਮਾਤਰਾ ਨੂੰ ਰਿਕਾਰਡ ਕਰਦਾ ਹੈ। ਸਾਡੇ ਮੀਟਰ ਰੀਡਰ ਹਰ ਦੋ ਮਹੀਨਿਆਂ ਬਾਅਦ ਗੈਸ ਮੀਟਰਾਂ ਦੀ ਰੀਡਿੰਗ ਲੈਂਦੇ ਹਨ। ਇਹ ਰੀਡਿੰਗ ਤੁਹਾਡੇ ਰਿਟੇਲਰ ਨੂੰ ਭੇਜੀ ਜਾਂਦੀ ਹੈ, ਜੋ ਤੁਹਾਨੂੰ ਇਸੇ ਵਰਤੋਂ ਦੇ ਅੰਕੜਿਆਂ ਦੇ ਅਧਾਰ 'ਤੇ ਬਿੱਲ ਭੇਜਦਾ ਹੈ।



## ਇਹ ਤੁਹਾਡੇ ਗੈਸ ਬਿੱਲ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ

ਜੇਕਰ ਮੀਟਰ ਰੀਡਰ ਸੁਰੱਖਿਅਤ ਤਰੀਕੇ ਨਾਲ ਤੁਹਾਡੇ ਗੈਸ ਮੀਟਰ ਤੱਕ ਨਹੀਂ ਪਹੁੰਚ ਸਕਦੇ, ਤਾਂ ਉਹ ਤੁਹਾਡੇ ਗੈਸ ਰਿਟੇਲਰ ਨੂੰ ਸਹੀ ਰੀਡਿੰਗ ਨਹੀਂ ਭੇਜ ਸਕਣਗੇ। ਇਸਦੀ ਬਜਾਏ, ਤੁਹਾਡਾ ਰਿਟੇਲਰ ਅੰਦਾਜ਼ਾ ਲਗਾਏਗਾ ਕਿ ਤੁਸੀਂ ਕਿੰਨੀ ਗੈਸ ਵਰਤੀ ਹੈ।

ਇਹ ਤੁਹਾਡੇ ਬਿੱਲ ਨੂੰ ਦੋ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦਾ ਹੈ:

1. ਅੰਦਾਜ਼ਨ ਰੀਡਿੰਗ ਤੁਹਾਡੀ ਅਸਲ ਵਰਤੋਂ ਨਾਲੋਂ ਵੱਧ ਹੋ ਸਕਦੀ ਹੈ, ਜਿਸ ਕਾਰਨ ਤੁਹਾਡਾ ਬਿੱਲ ਜ਼ਿਆਦਾ ਆ ਸਕਦਾ ਹੈ।
2. ਅੰਦਾਜ਼ਨ ਰੀਡਿੰਗ ਤੁਹਾਡੀ ਅਸਲ ਵਰਤੋਂ ਨਾਲੋਂ ਘੱਟ ਹੋ ਸਕਦੀ ਹੈ। ਜਦੋਂ ਤੁਹਾਡੇ ਮੀਟਰ ਦੀ ਦੁਬਾਰਾ ਰੀਡਿੰਗ ਲਈ ਜਾਵੇਗੀ, ਤਾਂ ਤੁਹਾਡੇ ਤੋਂ ਪਿਛਲੇ ਬਿੱਲਾਂ ਅਤੇ ਉਸ ਬਿਲਿੰਗ ਮਿਆਦ ਦੀ ਅਸਲ ਵਰਤੋਂ ਦੇ ਵਿਚਕਾਰਲੇ ਫ਼ਰਕ ਦਾ ਪੈਸਾ ਵਸੂਲਿਆ ਜਾਵੇਗਾ।

ਅਜਿਹਾ ਅਕਸਰ ਉਦੋਂ ਹੁੰਦਾ ਹੈ ਜਦੋਂ ਲੋਕਾਂ ਨੂੰ ਅਚਾਨਕ ਬਹੁਤ ਵੱਡਾ ਬਿੱਲ ਮਿਲਦਾ ਹੈ, ਜੋ ਕਿ ਵਰਤੋਂ ਦੇ ਸੁਭਾਅ ਵਿੱਚ ਬਿਨਾਂ ਕਿਸੇ ਸਪਸ਼ਟ ਬਦਲਾਅ ਦੇ ਵੀ ਪਿਛਲੇ ਬਿੱਲਾਂ ਨਾਲੋਂ ਕਾਫ਼ੀ ਜ਼ਿਆਦਾ ਹੁੰਦਾ ਹੈ।

ਜੇਕਰ ਤੁਸੀਂ ਆਪਣੀ ਗੈਸ ਦੀ ਵਰਤੋਂ ਵਿੱਚ ਬਦਲਾਅ ਕੀਤਾ ਹੈ - ਖ਼ਾਸ ਕਰਕੇ ਜੇਕਰ ਬਹੁਤ ਠੰਢ ਹੈ - ਜਾਂ ਜੇਕਰ ਤੁਸੀਂ ਘੱਟ ਗੈਸ ਦੀ ਵਰਤੋਂ ਕਰ ਰਹੇ ਹੋ, ਤਾਂ ਇੱਕ ਅੰਦਾਜ਼ਨ ਰੀਡਿੰਗ ਇਸਨੂੰ ਸਹੀ ਤਰ੍ਹਾਂ ਨਹੀਂ ਦਰਸਾ ਸਕਦੀ।




ausnet.com.au/gas-punjabi 'ਤੇ ਜਾ ਕੇ ਹੋਰ ਜਾਣੋ

# ਤੁਸੀਂ ਇਸਦਾ ਪ੍ਰਬੰਧਨ ਕਿਵੇਂ ਕਰ ਸਕਦੇ ਹੋ?

## 1. ਆਪਣੀ ਨਿਰਧਾਰਤ ਰੀਡਿੰਗ ਮਿਤੀ ਦੌਰਾਨ ਆਪਣੇ ਗੈਸ ਮੀਟਰ ਤੱਕ ਸੁਰੱਖਿਅਤ ਅਤੇ ਸਾਫ਼ ਰਸਤਾ ਦਿਓ

ਤੁਸੀਂ ਆਪਣੇ ਅਗਲੇ ਗੈਸ ਮੀਟਰ ਦੀ ਰੀਡਿੰਗ ਦੀ ਮਿਤੀ ਆਪਣੇ ਗੈਸ ਬਿੱਲ 'ਤੇ ਦੇਖ ਸਕਦੇ ਹੋ। ਜ਼ਿਆਦਾਤਰ ਗੈਸ ਮੀਟਰ ਬਾਹਰ ਹੁੰਦੇ ਹਨ, ਆਮ ਤੌਰ 'ਤੇ ਤੁਹਾਡੇ ਘਰ ਦੇ ਕੋਨੇ 'ਤੇ, ਜਿੱਥੇ ਆਸਾਨ ਪਹੁੰਚ ਅਤੇ ਹਵਾਦਾਰੀ ਹੁੰਦੀ ਹੈ।

ਮੀਟਰ ਰੀਡਿੰਗ ਦੀ ਮਿਆਦ ਦੇ ਦੌਰਾਨ, ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ:

- ਸਾਰੇ ਪਾਲਤੂ ਜਾਨਵਰਾਂ ਨੂੰ ਬੰਨ੍ਹ ਕੇ ਰੱਖਿਆ ਗਿਆ ਹੋਵੇ
- ਮੀਟਰ ਦੇ ਉੱਪਰ ਜਾਂ ਆਲੇ-ਦੁਆਲੇ ਕੋਈ ਸੰਘਣੀ ਬਨਸਪਤੀ (ਝਾੜੀਆਂ) ਜਾਂ ਕੀੜੇ-ਮਕੌੜੇ ਨਾ ਹੋਣ ਜੋ ਰਸਤਾ ਰੋਕਦੇ ਹੋਣ
- ਮੀਟਰ ਤੱਕ ਪਹੁੰਚਣ ਵਿੱਚ ਰੁਕਾਵਟ ਪਾਉਣ ਵਾਲਾ ਕੋਈ ਜੰਦਰਾ ਨਾ ਲੱਗਿਆ ਹੋਵੇ
- ਮੀਟਰ ਤੱਕ ਜਾਣ ਵਾਲੇ ਰਸਤੇ ਵਿੱਚ ਕੋਈ ਆਰਜ਼ੀ ਉਸਾਰੀ ਜਾਂ ਲੈਂਡਸਕੇਪਿੰਗ ਦਾ ਕੰਮ ਨਾ ਚੱਲ ਰਿਹਾ ਹੋਵੇ
- ਮੀਟਰ ਦੇ ਅੱਗੇ ਕੋਈ ਰੁਕਾਵਟ ਨਾ ਹੋਵੇ, ਜਿਵੇਂ ਕਿ ਕੂੜੇ ਦੇ ਵੱਡੇ ਡੱਬੇ ਜਾਂ ਮਿੱਟੀ ਦਾ ਕੰਮ।

ਸਾਡੇ ਮੀਟਰ ਰੀਡਰ ਚਮਕਦਾਰ ਪੀਲੇ ਰੰਗ ਦੀਆਂ ਸ਼ਰਟਾਂ ਪਹਿਨਦੇ ਹਨ ਜਿਨ੍ਹਾਂ ਦੀ ਪਿੱਠ 'ਤੇ 'METER READER' (ਮੀਟਰ ਰੀਡਰ) ਲਿਖਿਆ ਹੁੰਦਾ ਹੈ।

ਉਹ ਤੁਹਾਨੂੰ ਇਹ ਦੱਸਣ ਲਈ ਤੁਹਾਡਾ ਦਰਵਾਜ਼ਾ ਨਹੀਂ ਖੜਕਾਉਣਗੇ ਕਿ ਉਹ ਮੀਟਰ ਦੀ ਰੀਡਿੰਗ ਲੈ ਰਹੇ ਹਨ, ਕਿਉਂਕਿ ਉਹ ਇਹ ਕੰਮ ਇੱਕ ਮਿੰਟ ਤੋਂ ਵੀ ਘੱਟ ਸਮੇਂ ਵਿੱਚ ਕਰ ਲੈਂਦੇ ਹਨ। ਜੇਕਰ ਤੁਸੀਂ ਉਹਨਾਂ ਨੂੰ ਆਪਣੇ ਅਗਲੇ ਵੇਹੜੇ ਵਿੱਚ ਥੋੜ੍ਹੇ ਸਮੇਂ ਲਈ ਦੇਖਦੇ ਹੋ ਤਾਂ ਘਬਰਾਓ ਨਾ।

ਜੇਕਰ ਤੁਸੀਂ ਪੁਸ਼ਟੀ ਚਾਹੁੰਦੇ ਹੋ, ਤਾਂ ਉਹਨਾਂ ਕੋਲ ਇੱਕ ID ਕਾਰਡ ਹੁੰਦਾ ਹੈ ਜੋ ਇਹ ਸਾਬਤ ਕਰਦਾ ਹੈ ਕਿ ਉਹ AusNet ਦੇ ਪ੍ਰਤੀਨਿਧੀ ਹਨ, ਅਤੇ ਤੁਸੀਂ ਤੁਹਾਡੀ ਪ੍ਰਾਪਰਟੀ 'ਤੇ ਹੋਣ ਵੇਲੇ ਕਿਸੇ ਵੀ ਸਮੇਂ ਇਹ ਦੇਖਣ ਦੀ ਮੰਗ ਕਰ ਸਕਦੇ ਹੋ।

## 2. ਜੇਕਰ ਤੁਸੀਂ ਪਹੁੰਚ ਨਹੀਂ ਦੇ ਸਕਦੇ, ਤਾਂ ਖ਼ੁਦ ਰੀਡਿੰਗ ਜਮ੍ਹਾਂ ਕਰਨ ਦੀ ਕੋਸ਼ਿਸ਼ ਕਰੋ।

ਜੇਕਰ ਸਾਡੇ ਮੀਟਰ ਰੀਡਰ ਰੀਡਿੰਗ ਲੈਣ ਲਈ ਤੁਹਾਡੇ ਗੈਸ ਮੀਟਰ ਤੱਕ ਸੁਰੱਖਿਅਤ ਢੰਗ ਨਾਲ ਨਹੀਂ ਪਹੁੰਚ ਸਕਦੇ, ਤਾਂ ਤੁਸੀਂ ਆਪਣੇ ਗੈਸ ਰਿਟੇਲਰ ਨੂੰ ਆਪਣੇ ਮੀਟਰ ਦੀ ਰੀਡਿੰਗ ਖ਼ੁਦ ਜਮ੍ਹਾਂ ਕਰਵਾਉਣ ਦੀ ਕੋਸ਼ਿਸ਼ ਕਰ ਸਕਦੇ ਹੋ ਤਾਂ ਜੋ ਤੁਹਾਡੇ ਬਿੱਲ ਸਹੀ ਰਹਿਣ।

ਜ਼ਿਆਦਾਤਰ ਰਿਟੇਲਰਾਂ ਦੀ ਖ਼ੁਦ ਰੀਡਿੰਗ ਲੈਣ ਦੀ ਆਪਣੀ ਪ੍ਰਕਿਰਿਆ ਹੁੰਦੀ ਹੈ - ਕੁਝ ਕੋਲ ਔਨਲਾਈਨ ਪੋਰਟਲ, ਫਾਰਮ ਜਾਂ ਈਮੇਲ ਪਤੇ ਹੁੰਦੇ ਹਨ। ਇਹ ਦੇਖਣ ਲਈ ਕਿ ਕੀ ਉਹ ਇਹ ਸੇਵਾ ਪ੍ਰਦਾਨ ਕਰਦੇ ਹਨ ਅਤੇ ਵਧੇਰੇ ਜਾਣਕਾਰੀ ਲਈ ਆਪਣੇ ਗੈਸ ਰਿਟੇਲਰ ਦੀ ਵੈੱਬਸਾਈਟ ਚੈੱਕ ਕਰੋ।

ਜਦੋਂ ਕਿ ਗੈਸ ਮੀਟਰਾਂ ਦੀ ਰੀਡਿੰਗ ਖ਼ੁਦ ਜਾ ਕੇ ਲੈਣੀ ਪੈਂਦੀ ਹੈ, ਵਿਕਟੋਰੀਆ ਵਿੱਚ ਬਿਜਲੀ ਦੇ ਜ਼ਿਆਦਾਤਰ ਮੀਟਰ 'smart' (ਸਮਾਰਟ) ਮੀਟਰ ਹਨ। ਇਸਦਾ ਮਤਲਬ ਹੈ ਕਿ ਬਿਜਲੀ ਮੀਟਰ ਦੀਆਂ ਜ਼ਿਆਦਾਤਰ ਰੀਡਿੰਗਾਂ ਤੁਹਾਡੇ ਬਿੱਲ ਤੋਂ ਪਹਿਲਾਂ ਤੁਹਾਡੇ ਬਿਜਲੀ ਰਿਟੇਲਰ ਨੂੰ ਡਿਜੀਟਲ ਰੂਪ ਵਿੱਚ ਭੇਜ ਦਿੱਤੀਆਂ ਜਾਂਦੀਆਂ ਹਨ ਅਤੇ ਤੁਹਾਨੂੰ ਉੱਥੇ ਪਹੁੰਚ ਦੇਣ ਦੀ ਲੋੜ ਨਹੀਂ ਹੁੰਦੀ।

# ਜੇਕਰ ਬਿੱਲ ਬਹੁਤ ਜ਼ਿਆਦਾ ਆ ਜਾਵੇ ਤਾਂ ਕੀ ਕਰੀਏ

ਜੇਕਰ ਤੁਹਾਨੂੰ ਬਿਜਲੀ ਜਾਂ ਗੈਸ ਦਾ ਬਹੁਤ ਜ਼ਿਆਦਾ ਬਿੱਲ ਮਿਲਦਾ ਹੈ, ਤਾਂ ਘਬਰਾਓ ਨਾ। ਜਿੰਨੀ ਜਲਦੀ ਹੋ ਸਕੇ ਆਪਣੇ ਰਿਟੇਲਰ ਨੂੰ ਫ਼ੋਨ ਕਰੋ, ਉਹ ਭੁਗਤਾਨ ਪਲਾਨ ਦੇ ਨਾਲ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਇਹ ਵੀ ਚੈੱਕ ਕਰ ਸਕਦੇ ਹਨ ਕਿ ਕੀ ਤੁਸੀਂ ਕਿਸੇ ਰਿਆਇਤ ਦੇ ਯੋਗ ਹੋ।

# ਚੈੱਕ ਕਰੋ ਕਿ ਕੀ ਤੁਸੀਂ ਸਭ ਤੋਂ ਵਧੀਆ ਐਨਰਜੀ ਪਲਾਨ 'ਤੇ ਹੋ

ਆਪਣੇ ਗੈਸ ਅਤੇ ਬਿਜਲੀ ਦੇ ਪਲਾਨਾਂ ਦੀ ਤੁਲਨਾ ਦੂਜੇ ਰਿਟੇਲਰਾਂ ਨਾਲ ਕਰਨ ਲਈ Victorian Energy Compare ਵੈੱਬਸਾਈਟ 'ਤੇ ਜਾਓ। ਰਿਟੇਲਰ ਬਦਲਣਾ ਬਿਲਕੁਲ ਮੁਫ਼ਤ ਹੈ। ਇਸ ਨਾਲ ਤੁਹਾਡੀ ਐਨਰਜੀ ਸਪਲਾਈ ਵਿੱਚ ਕੋਈ ਰੁਕਾਵਟ ਨਹੀਂ ਆਵੇਗੀ, ਇਹ ਤੁਹਾਡੇ ਪੈਸੇ ਬਚਾ ਸਕਦਾ ਹੈ ਅਤੇ ਤੁਹਾਡਾ ਨਵਾਂ ਰਿਟੇਲਰ ਤੁਹਾਡੇ ਪੁਰਾਣੇ ਰਿਟੇਲਰ ਨੂੰ ਤੁਹਾਡੇ ਵੱਲੋਂ ਖ਼ੁਦ ਸੂਚਿਤ ਕਰ ਦੇਵੇਗਾ।